ਨਰਮੇ-ਕਪਾਹ ਦੀ ਫ਼ਸਲ ਲਈ ਸਿਫਾਰਿਸ਼ ਨੰ: 5/2016

# ਆਈ. ਸੀ. ਏ. ਆਰ – ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ (28 ਜੂਨ 3 ਜੁਲਾਈ 2016) ਹਫਤੇ ਲਈ ਸਿਫਾਰਿਸ਼ਾਂ

| STATE | 23 | 24 | 25 | 26 | 27 | 28 | 29 | 30 | 1 | 2 | 3 |
|---|---|---|---|---|---|---|---|---|---|---|---|
| IMD | | | | | | | | | | | |
| ਪੰਜਾਬ | | | | | | | | | | | |
| ਬਠਿੰਡਾ | 8.5 | 0 | 0 | 0 | 0 | 0 | 0 | 0 | 0 | 0 | 21 |
| ਫਿਰੋਜਪੁਰ | 3 | 0 | 0 | 0 | 0 | 1 | 0 | 0 | 0 | 0 | 21 |
| ਮੁਕਤਸਰ | 3 | 0 | 0 | 0 | 0 | 0 | 0 | 0 | 0 | 0 | 21 |
| ਮਾਨਸਾ | 3 | 0 | 0 | 0 | 7 | 0 | 0 | 0 | 3 | 4 | 22 |
| ਹਰਿਆਣਾ | | | | | | | | | | | |
| ਸਰਸਾ | 0 | 0 | 0 | 0 | 0 | 0 | 0 | 0 | 0 | 9 | 66 |
| ਹਿਸਾਰ | 0 | 0 | 0 | 0 | 0 | 0 | 0 | 0 | 0 | 9 | 66 |
| ਫਤਿਆਬਾਦ | 0 | 0 | 0 | 0 | 0 | 2 | 0 | 0 | 0 | 9 | 66 |
| ਰਾਜਸਥਾਨ | | | | | | | | | | | |
| ਹਨੁਮਾਨਗੜ੍ਹ | 0 | 1.1 | 1 | 0 | 0 | 5 | 2 | 2 | 2 | 5 | 5 |
| ਸ੍ਰੀ ਗੰਗਾਨਗਰ | 0 | 0.2 | 0 | 0 | 1 | 1 | 2 | 2 | 2 | 5 | 5 |
| ਬਾਂਸਵਾੜਾ | 11 | 4.4 | 2 | 0.4 | 0 | 1 | 3 | 2 | 2 | 3 | 4 |
| | | | | | | | | | | | |

### ਸਲਾਹ

1. ਪੰਜਾਬ ਪ੍ਰਾਂਤ ਵਿੱਚ ਨਰਮੇ-ਕਪਾਹ ਦੀ ਫ਼ਸਲ ਆਪਣੀ ਮੁੱਢਲੀ ਅਵਸਥਾ ਵਿੱਚ ਹੈ।
2. ਚਿੱਟੀ ਮੱਖੀ ਦੀ ਔਸਤ ਗਿਣਤੀ ਨਰਮੇ-ਕਪਾਹ ਦੀ ਫ਼ਸਲ ਵਿੱਚ ਘੱਟ ਪਾਈ ਗਈ ਹੈ।ਪਿੰਡ ਖਹਿਰਾ ਵਿੱਚ 3.67 ਚਿੱਟੀ ਮੱਖੀ ਪ੍ਰਤੀ ਤਿੰਨ ਪੱਤਾ, ਰੋਮਾਨਾ ਅਲਬਲ ਸਿੰਘ ਵਿੱਚ 1.43, ਬਰਗਾੜੀ ਵਿੱਚ 2.30, ਸ਼ੇਰ ਸਿੰਘ ਵਾਲਾ ਵਿੱਚ 0.93 ਅਤੇ ਸੁੱਖਾ ਵਾਲਾ ਵਿੱਚ 0.83 ਚਿੱਟੀ ਮੱਖੀ ਪ੍ਰਤੀ ਤਿੰਨ ਪੱਤਾ ਪਾਈ ਗਈ ਹੈ।
3. ਖੇਤਾਂ ਨੂੰ ਨਦੀਨ ਰਹਿਤ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।
4. ਬਦਲਵੇਂ ਬੂਟੇ ਜਿਵੇਂ ਕਿ ਬੈਗੰਣ, ਟਮਾਟਰ, ਭਿੰਡੀ, ਮੂੰਗ, ਮਾਂਹ ਅਤੇ ਗੁਆਰ ਉਤੇ ਵੀ ਚਿੱਟੀ ਮੱਖੀ ਹਮਲਾ ਕਰਦੀ ਹੈ।
5. ਬਦਲਵੇਂ ਬੂਟਿਆਂ ਉਤੇ ਚਿੱਟੀ ਮੱਖੀ ਦੀ ਸਮੇਂ ਸਿਰ ਸੰਭਾਲ ਲਈ ਖੇਤ ਦਾ ਲਗਾਤਾਰ ਸਰਵੇਖਣ ਕਰੋ।
6. ਬਾਰਸ਼ ਨਾ ਹੋਣ ਦੀ ਹਾਲਤ ਵਿੱਚ, ਕਿਸਾਨ ਵੀਰਾਂ ਨੂੰ ਨਰਮੇ-ਕਪਾਹ ਦੀ ਫ਼ਸਲ ਦੀ ਪਹਿਲੀ ਸਿੰਚਾਈ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | | | 7. ਸਿੰਚਾਈ ਤੋਂ ਬਾਅਦ, ਨਰਮੇ ਕਪਾਹ ਨੂੰ ਨਾਈਟਰੋਜਨ ਦੀ ਪਹਿਲੀ ਕਿਸ਼ਤ (65 ਕਿਲੋ ਯੂਰੀਆ ਪ੍ਰਤੀ ਏਕੜ ਬੀ.ਟੀ. ਨਰਮੇ ਲਈ ਅਤੇ 30-35 ਕਿਲੋ ਯੂਰੀਆ ਪ੍ਰਤੀ ਏਕੜ ਨਾਨ ਬੀ.ਟੀ. ਕਿਸਮਾਂ ਲਈ) ਦੇ ਦਿਓ।<br>8. ਹਰਿਆਣਾ ਪ੍ਰਾਂਤ ਦੇ ਲੱਗਭੱਗ ਸਾਰੇ ਇਲਾਕਿਆਂ ਵਿੱਚ ਨਰਮੇ ਦੀ ਫ਼ਸਲ ਆਪਣੀ ਮੁੱਢਲੀ ਅਵਸਥਾ ਵਿੱਚ ਹੈ।<br>9. ਨਰਮੇ ਕਪਾਹ ਦੀ ਅਗੇਤੀ ਬਿਜਾਈ ਵਾਲੇ ਖੇਤਾਂ ਦੀ ਗੋਡਾਈ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।<br>10. ਸਿਰਸਾ ਵਿੱਚ ਨਰਮੇ-ਕਪਾਹ ਦੀ ਫ਼ਸਲ 40-50 ਦਿਨਾਂ ਦੀ ਹੈ।<br>11. ਪਹਿਲੀ ਸਿੰਚਾਈ ਤੋਂ ਬਾਅਦ ਗੋਡਾਈ ਦਾ ਕੰਮ ਚੱਲ ਰਿਹਾ ਹੈ।<br>12. ਪਹਿਲੀ ਸਿੰਚਾਈ ਤੋਂ ਬਾਅਦ ਨਰਮੇ-ਕਪਾਹ ਵਿੱਚ ਨਦੀਨ ਦੇਖੇ ਗਏ ਹਨ ਅਤੇ ਇਹ ਖੇਤਾਂ ਦੇ ਵੱਟ ਬੰਨੇ ਅਤੇ ਨਾਲ ਲਗਦੀਆਂ ਜਗ੍ਹਾ ਵਿੱਚ ਪਾਏ ਗਏ ਹਨ।<br>13. ਬਿਨਾ ਸਪਰੇਅ ਦੇ ਛਿੜਕਾਅ ਵਾਲੇ ਤਜਰਬਿਆਂ ਵਿੱਚ ਆਰ.ਸੀ.ਐਚ - 650 ਬੀਜੀ 2 (ਰੇਜ 6-10 ਅਤੇ ਔਸਤਨ ਚਿੱਟੀ ਮੱਖੀ 7.8 ਪ੍ਰਤੀ ਤਿੰਨ ਪੱਤਾ), ਐਚ.ਐਸ.-6 (ਰੇਜ 7-18 ਅਤੇ ਔਸਤਨ 10.7 ਚਿੱਟੀ ਮੱਖੀ ਪ੍ਰਤੀ ਤਿੰਨ ਪੱਤਾ), ਗੰਗਾ ਨਗਰ ਅਗੇਤੀ (ਰੇਜ 5-16 ਅਤੇ ਔਸਤਨ 8.8 ਚਿੱਟੀ ਮੱਖੀ ਪ੍ਰਤੀ ਤਿੰਨ ਪੱਤਾ) ਅਤੇ ਆਰ.ਐਸ-2013 (ਰੇਜ 5-13 ਅਤੇ ਔਸਤਨ 8.0 ਚਿੱਟੀ |

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | | | ਮੱਖੀ ਪ੍ਰਤੀ ਤਿੰਨ ਪੱਤਾ) ਪਾਈ ਗਈ ਹੈ।<br>14. ਸੀ.ਆਈ.ਸੀ.ਆਰ ਸਿਰਸਾ ਦੇ ਤਜਰਬਿਆਂ ਵਾਲੇ ਖੇਤਾਂ ਵਿੱਚ ਤੇਲਾ 0–2 ਪ੍ਰਤੀ ਤਿੰਨ ਪੱਤਾ ਅਤੇ ਜੂੰ 3–12 ਪ੍ਰਤੀ ਤਿੰਨ ਪੱਤਾ ਦੇਖੀ ਗਈ ਹੈ।ਸਿਰਸਾ ਦੇ ਕੁਝ ਇਲਾਕਿਆਂ ਵਿੱਚ ਔਸਤਨ 3–14 ਚਿੱਟੀ ਮੱਖੀ ਪ੍ਰਤੀ ਤਿੰਨ ਪੱਤਾ ਪਾਈ ਗਈ ਹੈ।<br>15. ਕਈ ਥਾਵਾਂ ਉਤੇ, ਦੇਸੀ ਕਪਾਹ ਵਿੱਚ ਜੜ੍ਹਾਂ ਦੇ ਗਲ੍ਹਣ ਦੀ ਸ਼ਿਕਾਇਤ ਪਾਈ ਗਈ ਹੈ।<br>16. ਕਿੰਨੂ ਬਾਗ ਦੇ ਨਾਲ ਲਗਦੇ ਨਰਮੇ-ਕਪਾਹ ਦੇ ਖੇਤਾਂ ਵਿੱਚ ਬਹੁਤ ਸੁਚੱਜੇ ਢੰਗ ਨਾਲ ਸਰਵੇਖਣ ਕਰਨ ਦੀ ਸਲਾਹ ਦਿੱਤੀ ਗਈ ਹੈ।<br>17. ਕਿਸਾਨ ਵੀਰਾਂ ਨੂੰ ਨਾਈਟਰੋਜਨ (ਯੂਰੀਆ) ਦੀ ਸਿਫ਼ਾਰਿਸ਼ ਕੀਤੀ ਹੋਈ ਮਾਤਰਾ ਹੀ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ।<br>18. ਸ੍ਰੀ ਗੰਗਾ ਨਗਰ ਵਿੱਚ ਫ਼ਸਲ ਆਪਣੀ ਮੁਢਲੀ ਅਵਸਥਾ ਵਿੱਚ ਹੈ।<br>19. ਚਿੱਟੀ ਮੱਖੀ ਨੁਕਸਾਨੀ ਆਰਥਿਕ ਕਗਾਰ ਤੋਂ ਥੱਲੇ ਹੈ।<br>20. ਨੁਕਸਾਨੀ ਆਰਥਿਕ ਕਗਾਰ ਤਕ ਪਹੁੰਚ ਚੁੱਕੇ ਖੇਤਾਂ ਵਿੱਚ ਨਿੰਮ ਤੇ ਅਧਾਰਿਕ ਕੀਟ ਨਾਸ਼ਕ ਅਤੇ ਕੱਪੜੇ ਧੋਣ ਵਾਲੇ ਪਾਊਡਰ (ਨਿਰਮਾ) ਦੇ ਛਿੜਕਾਅ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਅਜਾਡਰੈਕਟਿਨ 1.0 ਪ੍ਰਤੀਸ਼ਤ ਈ.ਸੀ. ਨੂੰ 2 ਮਿਲੀਲਿਟਰ ਪ੍ਰਤੀ 500 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਹੈਕਟੇਅਰ ਵਿੱਚ |

| | | | | | | | | | | | | |
|---|---|---|---|---|---|---|---|---|---|---|---|---|
| | | | | | | | | | | | | ਛਿੜਕਾਅ ਕਰਨਾ ਚਾਹੀਦਾ ਹੈ।<br><br>**ਨੋਟ: ਆਈ.ਐਮ.ਡੀ ਦੀ ਭਾਰੀ ਬਾਰਸ਼ ਹੋਣ ਦੀ ਸੰਭਾਵਨਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਸ ਬਾਰਸ਼ ਨਾਲ ਚਿੱਟੀ ਮੱਖੀ ਦੀ ਗਿਣਤੀ ਕੁਦਰਤੀ ਤੋਰ ਤੇ ਘੱਟ ਜਾਵੇਗੀ** |